Alberta

# ਪ੍ਰੀਮੀਅਰ ਦਾ ਬਿਆਨ

## ਵਿਸਾਖੀ: ਪ੍ਰੀਮੀਅਰ ਸਮਿਥ ਵੱਲੋਂ ਬਿਆਨ

14 ਅਪ੍ਰੈਲ, 2023

ਪ੍ਰੀਮੀਅਰ ਡੈਨੀਅਲ ਸਮਿਥ ਨੇ ਵਿਸਾਖੀ ਦੇ ਜਸ਼ਨ ਨੂੰ ਪਛਾਣ ਦੇਣ ਲਈ ਇਹ ਬਿਆਨ ਜਾਰੀ ਕੀਤਾ:

"ਅੱਜ ਵਿਸਾਖੀ ਹੈ, ਜੋ ਕਿ ਸਿੱਖ ਕੈਲੰਡਰ ਦੇ ਸਭ ਤੋਂ ਮਹੱਤਵਪੂਰਨ ਦਿਨਾਂ ਵਿੱਚੋਂ ਇੱਕ ਹੈ। ਅਸੀਂ ਹਰ ਉਸ ਵਿਅਕਤੀ ਨੂੰ ਆਪਣੀਆਂ ਨਿੱਘੀਆਂ ਸ਼ੁਭਕਾਮਨਾਵਾਂ ਦੇਣਾ ਚਾਹੁੰਦੇ ਹਾਂ ਜੋ ਇਸ ਦਿਨ ਨੂੰ ਅਰਦਾਸਾਂ, ਤਿਉਹਾਰਾਂ, ਅਤੇ ਘੱਟ ਭਾਗਸ਼ਾਲੀ ਲੋਕਾਂ ਲਈ ਸੇਵਾ ਦੇ ਨਿਰਸੁਆਰਥਕ ਕੰਮਾਂ ਨਾਲ ਮਨਾਉਂਦਾ ਹੈ।

"ਵਿਸਾਖੀ ਸਿੱਖਾਂ ਦੇ 10ਵੇਂ ਗੁਰੂ, ਗੁਰੂ ਗੋਬਿੰਦ ਸਿੰਘ ਜੀ ਦੁਆਰਾ 1699 ਵਿੱਚ ਖਾਲਸੇ – ਅੰਮ੍ਰਿਤ ਛਕ ਚੁੱਕੇ ਸਿੱਖ ਭਾਈਚਾਰੇ – ਦੀ ਸਿਰਜਣਾ ਦੀ ਯਾਦ ਵਿੱਚ ਮਣਾਈ ਜਾਂਦੀ ਹੈ। ਇਹ ਰਵਾਇਤੀ ਬਸੰਤ ਦੀ ਵਾਢੀ ਦੇ ਮੌਸਮ ਦੀ ਸ਼ੁਰੂਆਤ ਨੂੰ ਵੀ ਦਰਸਾਉਂਦੀ ਹੈ। ਹਿੰਦੂਆਂ ਅਤੇ ਸਿੱਖਾਂ ਲਈ ਅੱਜ ਭਾਰਤੀ ਨਵੇਂ ਸੂਰਜੀ ਸਾਲ ਦੀ ਸ਼ੁਰੂਆਤ ਹੁੰਦੀ ਹੈ।

"ਵਿਸਾਖੀ ਮਨਾਉਣ ਵਾਲੇ ਹਰ ਕਿਸੇ ਨੂੰ, ਅਸੀਂ ਤੁਹਾਨੂੰ ਸ਼ੁਭਕਾਮਨਾਵਾਂ ਦਿੰਦੇ ਹਾਂ।

"ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ"

**ਮੀਡੀਆ ਪੁੱਛਗਿੱਛ**


ਰੇਬੇਕਾ ਪੋਲਕ (Rebecca Polak)

rebecca.polak@gov.ab.ca
ਰੋਜ਼ਾਨਾ ਸੰਚਾਰ ਦੀ ਡਾਇਰੈਕਟਰ
ਅਤੇ ਪ੍ਰੈਸ ਸੈਕ੍ਰੇਟਰੀ
ਪ੍ਰੀਮੀਅਰ ਦਾ ਦਫ਼ਤਰ